# ਦੇਹ ਦਾ ਅੰਤ, ਵਿਚਾਰਾਂ ਦਾ ਨਹੀਂ

ਵਰਿੰਦਰ ਵਾਲੀਆ

ਠਿਗਣੀ ਸੋਚ ਵਾਲੇ ਲੋਕ, ਉੱਚ-ਦੁਮਾਲੜੇ ਵਾਲੀ ਦਸਤਾਰ ਬੰਨ੍ਹ ਕੇ ਵੀ ਬੌਣੇ ਦਿੱਸਦੇ ਹਨ। ਉਨ੍ਹਾਂ ਦੀ ਪਗੜੀ ਦਾ ਫਹਿਰਾ ਰਿਹਾ ਸ਼ਮ੍ਹਲਾ ਕਿਸੇ ਨੂੰ ਵੀ ਮੁਤਾਸਿਰ ਨਹੀਂ ਕਰਦਾ ਜਦੋਂ ਕਿ ਲੋਕ-ਬਾਣੀ ਰਚਣ ਵਾਲੇ ਲੋਕ ਅਮਰ ਹੋ ਜਾਂਦੇ ਹਨ। ਗੁਰਸ਼ਰਨ ਭਾਅ ਜੀ ਉਰਫ਼ ਭਾਈ ਮੰਨਾ ਸਿੰਘ ਸਾਧਾਰਨ ਰਹਿਣੀ-ਬਹਿਣੀ ਦੇ ਬਾਵਜੂਦ ਅਸਾਧਾਰਨ ਸ਼ਖ਼ਸੀਅਤ ਸਨ, ਤੁਪਕੇ ਵਿਚ ਸਮੁੰਦਰ!

ਆਪਣੇ ਪਲੇਠੇ ਨਾਵਲ, 'ਨਿਰਵਾਣ' ਦੀ ਆਦਿਕਾ ਵਿਚ ਮਨਮੋਹਨ ਨੇ ਰਿਗਵੇਦ ਦੀ ਇਕ ਟੂਕ ਦਾ ਹਵਾਲਾ ਦਿੱਤਾ ਹੈ, 'ਪਸ਼ੱਯ ਦੇਵਸੱਸ ਕਾਵਿਅਮ/ਮਮਾਰ-ਨਾ ਜੀਰਤੀ....' (ਦੇਵਤਿਆਂ ਦੀ ਕਵਿਤਾ ਨਾ ਮਰਦੀ ਹੈ, ਨਾ ਬੁੱਢੀ ਹੁੰਦੀ ਹੈ)। ਉਸ ਨੇ ਅੱਗੇ ਲਿਖਿਆ ਹੈ, 'ਬਾਹਰਲੇ ਸਮੁੰਦਰਾਂ ਵਿਚ ਉਹ ਕਦੇ ਨਹੀਂ ਡੁੱਬਦੇ ਜੋ ਆਪਣੇ ਅੰਦਰ ਦੀ ਬੇੜੀ 'ਤੇ ਸਵਾਰ ਹੁੰਦੇ ਨੇ'।

ਜਿਨ੍ਹਾਂ ਸ਼ਬਦਾਂ, ਵਾਕਾਂ ਜਾਂ ਫ਼ਿਕਰਿਆਂ 'ਤੇ ਵਕਤ ਦੀਆਂ ਝੁਰੜੀਆਂ ਨਹੀਂ ਪੈਂਦੀਆਂ, ਉਨ੍ਹਾਂ ਨੇ ਭਲਾ ਬੁੱਢੇ ਕੀ ਹੋਣਾ ਹੋਇਆ? ਅਜਿਹੀ ਰਚਨਾ ਜਿਹੜੀ ਬੁੱਢੀ ਨਹੀਂ ਹੁੰਦੀ, ਉਸ 'ਤੇ ਫਿਰ ਮੌਤ ਦਾ ਸਾਇਆ ਪੈਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਗੁਰਸ਼ਰਨ ਭਾਅ ਜੀ ਦੇ ਇਸ ਫ਼ਾਨੀ ਜਹਾਨ ਵਿਚੋਂ ਤੁਰ ਜਾਣ ਤੋਂ ਬਾਅਦ ਵੀ ਇੰਜ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਰੋਅਬ ਭਰੀ ਤੇ ਬੁਲੰਦ ਆਵਾਜ਼ ਅਜੇ ਵੀ ਟੁਣਕ ਰਹੀ ਹੋਵੇ। ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਵਿਅਕਤੀ ਕਦੇ ਨਹੀਂ ਮਰਦਾ, ਬਸ 'ਗੁਜ਼ਰਦਾ' ਹੈ। 'ਗੁਜ਼ਰਨਾ' ਫ਼ਾਰਸੀ ਮੂਲ ਦੇ ਸ਼ਬਦ 'ਗੁਜ਼ਰੀਦਨ' ਤੋਂ ਨਿਕਲਿਆ ਹੈ, ਜਿਸ ਦਾ ਭਾਵ ਹੈ, ਗੁਜ਼ਰ ਜਾਣਾ, ਲੰਘ ਜਾਣਾ, ਚਲੇ ਜਾਣਾ ਜਾਂ ਲੰਘਣਾ ਆਦਿ। ਇਸੇ ਲਈ ਕਿਸੇ ਦੇ ਜਨਮ ਅਤੇ ਗੁਜ਼ਰਨ, ਦੋਵੇਂ ਵੇਲੇ 'ਚੜ੍ਹਦੀ ਕਲਾ' ਦੀ ਅਰਦਾਸ ਕੀਤੀ ਜਾਂਦੀ ਹੈ। ਗੁਰਸ਼ਰਨ ਭਾਅ ਜੀ ਨੇ ਵੀ ਮਾਤ-ਲੋਕ ਦੀ ਯਾਤਰਾ ਸੰਪੂਰਨ ਕਰਕੇ ਇਸ ਸੰਸਾਰ ਵਿਚ ਆਪਣੀਆਂ ਪੈੜਾਂ ਛੱਡੀਆਂ ਨੇ ਜੋ ਅਮਿਟ ਹਨ। ਸੁਰਜੀਤ ਪਾਤਰ ਦੇ ਬੋਲਾਂ, 'ਸੂਰਜ ਨਾ ਡੁੱਬਦਾ ਕਦੇ, ਸਿਰਫ਼ ਛੁਪਦਾ ਹੈ' ਵਾਂਗ ਗੁਰਸ਼ਰਨ ਸਿੰਘ ਦਾ ਨਾਂ ਉਦੋਂ ਤੱਕ ਚਮਕਦਾ ਰਹੇਗਾ ਜਦੋਂ ਤੱਕ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਕਾਇਮ ਰਹੇਗੀ।

ਸੰਨ 1929 ਵਿਚ ਜੰਮਿਆ ਗੁਰਸ਼ਰਨ ਸਿੰਘ ਜਦੋਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੀ ਹੱਦ 'ਤੇ ਵੱਸੇ ਪਿੰਡ ਭਾਖੜਾ ਵਿਖੇ ਸਤਲੁਜ ਸਨਮੁਖ ਹੋਇਆ ਤਾਂ ਸਾਰੇ ਦਾ ਸਾਰਾ ਖ਼ੌਲਦਾ ਹੋਇਆ ਦਰਿਆ ਜਿਵੇਂ ਉਸ ਅੰਦਰ ਵਹਿਣ ਲੱਗ ਪਿਆ। ਮੂੰਹ-ਜ਼ੋਰ ਦਰਿਆ ਦਾ ਮੁਹਾਣ ਮੋੜ ਕੇ ਜਦੋਂ ਬਿਜਲੀ ਦਾ ਉਤਪਾਦਨ ਹੋਇਆ ਤਾਂ ਉੱਤਰੀ ਭਾਰਤ ਜਗਮਗ ਕਰਨ ਲੱਗ ਪਿਆ। ਟੀਹਰੀ ਡੈਮ (261 ਮੀਟਰ) ਤੋਂ ਬਾਅਦ ਭਾਖੜਾ (225.55 ਮੀਟਰ) ਏਸ਼ੀਆ ਦਾ

ਸਭ ਤੋਂ ਉੱਚਾ ਡੈਮ ਹੈ। ਕੁਤਬਮਿਨਾਰ ਤੋਂ ਵੀ ਤਿੰਨ ਗੁਣਾ ਉੱਚੇ ਭਾਖੜਾ ਡੈਮ ਨੂੰ ਪਹਿਲੇ ਪ੍ਰਧਾਨ ਮੰਤਰੀ ਨੇ 'ਆਧੁਨਿਕ ਭਾਰਤ ਦਾ ਮੰਦਰ' ਕਹਿ ਕੇ ਸਰਾਹਿਆ ਸੀ। ਅਮੋੜ ਦਰਿਆਵਾਂ ਦੇ ਵਹਿਣ ਮੋੜਨ ਤੋਂ ਪ੍ਰਭਾਵਤ ਹੋ ਕੇ ਭਾਅ ਗੁਰਸ਼ਰਨ ਭਾਖੜਾ ਡੈਮ ਦੇ ਹਾਣ ਦਾ ਬਣਨ ਦੀ ਕੋਸ਼ਿਸ਼ ਕਰਦਾ ਰਿਹਾ। ਪੰਜਾਬ ਦੇ ਕਾਲੇ ਦੌਰ ਵਿਚ ਵੀ ਉਸ ਅਵਾਮ ਦੇ ਹੱਥਾਂ ਵਿਚ ਲਾਲਟੈਣਾਂ ਫੜਾ ਦਿੱਤੀਆਂ। ਵ੍ਹੀਲ ਚੇਅਰ 'ਤੇ ਬੈਠ ਕੇ ਵੀ ਉਹ ਨਾਟਕ ਦਾ ਹਮਸਫ਼ਰ ਰਿਹਾ। ਸਮਾਜਿਕ ਅਸਾਵੇਂਪਣ ਨੂੰ ਦੂਰ ਕਰਨ ਲਈ ਉਹ ਗਲੀਆਂ ਦੇ ਖੂੰਜਿਆਂ, ਵਿਹੜਿਆਂ ਅਤੇ ਥੜ੍ਹਿਆਂ ਨੂੰ ਮੰਚ ਬਣਾ ਲੈਂਦਾ ਸੀ। ਭਾਖੜਾ ਡੈਮ ਦੀ ਉਸਾਰੀ ਵੇਲੇ ਵਰਤੇ ਗਏ ਕੁਝ ਬੇਲਚੇ ਤੇ ਕੁਦਾਲ ਉਸ ਦੇ ਨਾਲ-ਨਾਲ ਰਹਿੰਦੇ। ਉਹ ਇਨ੍ਹਾਂ ਬੇਲਚਿਆਂ ਨੂੰ ਸਮਾਜ ਦੀ ਨਵ-ਉਸਾਰੀ ਲਈ ਵਰਤਦਾ ਰਿਹਾ। ਦਰਿਆਵਾਂ ਨਾਲ ਮੱਥਾ ਲਾਉਣ ਵਾਲਾ ਖ਼ੁਦ ਡੁਬਕੀ ਮਾਰ ਕੇ, ਡੁੱਬੇ ਹੋਇਆਂ ਨੂੰ ਤਾਰ ਦਿੰਦਾ ਹੈ। ਵਾਕਈ, ਜੋ ਆਪਣੇ ਅੰਦਰ ਦੀ ਬੇੜੀ 'ਤੇ ਸਵਾਰ ਹੋਣ, ਉਹ ਬਾਹਰਲੇ ਸਮੁੰਦਰਾਂ ਵਿਚ ਕਦੇ ਨਹੀਂ ਡੁੱਬਦੇ।

ਯੁੱਗ-ਪੁਰਸ਼ ਦੇ ਗੁਜ਼ਰ ਜਾਣ ਤੋਂ ਬਾਅਦ ਚਾਰ-ਚੁਫ਼ੇਰਿਓਂ ਸ਼ਰਧਾ ਦੇ ਫੁੱਲਾਂ ਦੀ ਵਰਖਾ ਸ਼ੁਰੂ ਹੋ ਗਈ। ਇਹ ਝੜੀ ਕਈ ਦਿਨ ਲੱਗੀ ਰਹੀ। ਪੰਜਾਬੀ ਤੋਂ ਕਿਤੇ ਵੱਧ ਕਈ ਅੰਗਰੇਜ਼ੀ ਅਤੇ ਹਿੰਦੀ ਅਖ਼ਬਾਰਾਂ ਨੇ ਸ਼ਰਧਾ ਦੇ ਫੁੱਲ ਅਰਪਿਤ ਕੀਤੇ। ਇਹ ਪਹਿਲੀ ਵਾਰ ਸੀ ਕਿ ਪੰਜਾਬੀ ਸਾਹਿਤ ਜਾਂ ਨਾਟਕ ਨਾਲ ਜੁੜੇ ਵਿਅਕਤੀ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਅਖ਼ਬਾਰਾਂ ਦਾ ਪਹਿਲਾ ਪੰਨਾ ਮੱਲਿਆ ਹੋਵੇ। ਕਿਸੇ ਅਖ਼ਬਾਰ ਨੇ ਲਿਖਿਆ ਕਿ ਪੰਜਾਬ ਦੀ ਸਭ ਤੋਂ ਬੁਲੰਦ ਆਵਾਜ਼ ਭਾਵੇਂ ਖ਼ਾਮੋਸ਼ ਹੋ ਗਈ ਹੈ, ਫਿਰ ਵੀ ਉਨ੍ਹਾਂ ਦੇ ਵਿਚਾਰ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸ਼ਿੰਗਾਰ ਬਣੇ ਰਹਿਣਗੇ। ਉਨ੍ਹਾਂ ਦੀ ਅੰਤਿਮ ਯਾਤਰਾ ਵਿਚ ਹਰ ਵਰਗ ਦੇ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕਰਕੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ। ਵੱਡੇ ਕਾਫ਼ਲੇ ਵਿਚ 'ਰੰਗਮੰਚ ਦੇ ਸੂਹੇ ਸੂਰਜ ਨੂੰ ਲਾਲ ਸਲਾਮ' ਆਦਿ ਨਾਅਰੇ ਗੂੰਜਦੇ ਰਹੇ। ਪਰ ਹਜ਼ਾਰਾਂ ਸੇਜਲ ਅੱਖਾਂ ਵਿਚ ਪੰਜਾਬ ਸਰਕਾਰ ਦੇ ਇੱਕਾ-ਦੁੱਕਾ ਨੁਮਾਇੰਦਿਆਂ ਨੂੰ ਛੱਡ ਕੇ ਕੋਈ ਵੀ ਵਜ਼ੀਰ-ਸਫ਼ੀਰ ਸ਼ਾਮਲ ਨਹੀਂ ਹੋਇਆ। ਸਮੇਂ ਦੀਆਂ ਸਰਕਾਰਾਂ ਨੂੰ ਭਲਾ ਅਜਿਹੀਆਂ 'ਬਾਗ਼ੀ ਸੁਰਾਂ' ਕਿੱਥੇ ਪਸੰਦ ਆਉਂਦੀਆਂ ਨੇ? ਨੇਤਾ ਲੋਕ ਤਾਂ 'ਬਾਗ਼ੀ ਰੂਹਾਂ' ਤੋਂ ਵੀ ਕੰਬਦੇ ਹਨ। ਸਮੇਂ ਦੀ ਸਰਕਾਰ ਨੂੰ ਲੋਕ ਸੰਪਰਕ ਦੀ ਡੁਗਡੁਗੀ ਤਾਂ ਪਸੰਦ ਆਉਂਦੀ ਹੈ ਪਰ 'ਧਮਕ ਨਗਾਰੇ ਦੀ' ਨਹੀਂ। ਸਮੇਂ ਦੀਆਂ ਸਰਕਾਰਾਂ ਨੂੰ ਤਾਂ ਮਸ਼ਾਲਚੀ, ਚਿਰਾਗ਼ਚੀ, ਗਲੇਲਚੀ ਜਾਂ ਤੋਪਚੀ ਵਰਗੇ ਸ਼ਬਦਾਂ ਤੋਂ ਹੀ ਚਿੜ੍ਹ ਹੈ। ਡਰਨਿਆਂ ਤੋਂ ਵੀ ਡਰਨ ਵਾਲੀਆਂ ਸਰਕਾਰਾਂ ਨੂੰ ਸਭ ਤੋਂ ਵੱਧ ਤੰਗੀ ਬਾਗ਼ੀਆਂ ਤੋਂ ਹੁੰਦੀ ਹੈ। ਇਹੀ ਕਾਰਨ ਹੋਵੇਗਾ ਕਿ ਗੁਰਸ਼ਰਨ ਭਾਅ ਜੀ ਦੀ ਅੰਤਿਮ-ਯਾਤਰਾ ਤੋਂ ਸਮੇਂ ਦੀ ਸਰਕਾਰ ਲਾਂਭੇ ਹੀ ਰਹੀ।

ਭਰ ਜਵਾਨੀ ਵਿਚ ਗੁਰਸ਼ਰਨ ਸਿੰਘ ਅਨਪੜ੍ਹਤਾ ਅਤੇ ਬੇਰੁਜ਼ਗਾਰੀ ਖ਼ਿਲਾਫ਼ ਜੂਝਦਾ ਰਿਹਾ। ਲੋਕਾਂ ਪ੍ਰਤੀ ਆਪਣੀ ਪ੍ਰਤੀਬੱਧਤਾ ਕਾਰਨ ਉਸ ਨੂੰ ਨੌਕਰੀ ਤੋਂ ਹੱਥ ਧੋਣੇ ਪਏ ਪਰ ਉਸ ਨੇ ਕਦੇ ਹਾਰ ਨਾ ਮੰਨੀ। ਸੱਤਾ ਵਿਰੁੱਧ ਘੋਲ ਲਈ ਉਹ ਲੋਕਾਂ ਨੂੰ ਲਾਮਬੰਦ ਕਰਦਾ ਕਦੇ ਨਾ ਥੱਕਿਆ। ਜਿਹੜੇ ਲੋਕ, ਲੋਕਾਂ ਖ਼ਾਤਰ ਲੜਦੇ-ਮਰਦੇ ਹਨ, ਉਨ੍ਹਾਂ ਦਾ ਕੋਈ ਵਿਚਾਰ ਖ਼ੁਦਕੁਸ਼ੀ ਨਹੀਂ ਕਰਦਾ ਸਗੋਂ ਉਹ ਆਪਣੇ ਵਿਚਾਰਾਂ ਨੂੰ ਸਾਣ 'ਤੇ ਲਾ ਕੇ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹਨ।

15 ਅਗਸਤ 1958 ਨੂੰ ਭਾਖੜਾ ਡੈਮ ਪ੍ਰਾਜੈਕਟ ਉੱਪਰ ਤਾਇਨਾਤੀ ਸਮੇਂ ਉੱਥੋਂ ਦੇ ਕਾਮਿਆਂ ਅਤੇ ਹੋਰ ਸਟਾਫ ਮੈਂਬਰਾਂ ਲਈ ਖੇਡੇ ਲੋਕ-ਪੱਖੀ ਨਾਟਕ ਤੋਂ ਲੈ ਕੇ ਅੰਤਿਮ ਸਵਾਸ ਤੱਕ ਉਨ੍ਹਾਂ ਨੇ ਹਜ਼ਾਰਾਂ ਰੰਗ-ਕਰਮੀ ਪੈਦਾ ਕੀਤੇ। ਅੱਧੀ ਸਦੀ ਤੋਂ ਵੀ ਵੱਧ ਸਮਾਂ ਰੰਗਮੰਚ ਨੂੰ ਸਮਰਪਤ ਕਰਨ ਵਾਲਾ, ਪੰਜਾਬੀ ਨਾਟਕ ਨੂੰ ਪਿੰਡਾਂ ਦੀਆਂ ਸੱਥਾਂ ਤੋਂ ਅੰਤਰਰਾਸ਼ਟਰੀ ਪੱਧਰ ਤੱਕ ਲੈ ਗਿਆ। ਉਨ੍ਹਾਂ ਦੇ 'ਹਿਟ ਲਿਸਟ', 'ਬਾਬਾ ਬੋਲਦਾ ਹੈ', 'ਕੁਰਸੀ ਵਾਲੀ ਤੇ ਮੰਜੀ ਵਾਲਾ', 'ਜੰਗੀ ਰਾਮ ਦੀ ਹਵੇਲੀ', 'ਇਹ ਲਹੂ ਕਿਸ ਦਾ ਹੈ', 'ਕਿਵ ਕੂੜੈ ਤੁਟੈ ਪਾਲਿ', 'ਇਨਕਲਾਬ ਜ਼ਿੰਦਾਬਾਦ' ਅਤੇ 'ਧਮਕ ਨਗਾਰੇ ਦੀ' ਆਦਿ ਨਾਟਕ ਲੋਕਾਂ ਦੇ ਚੇਤਿਆਂ 'ਤੇ ਸਦਾ ਉੱਕਰੇ ਰਹਿਣਗੇ। ਸਭ ਤੋਂ ਵੱਧ ਚਰਚਾ 'ਕੁਰਸੀ ਵਾਲਾ ਤੇ ਮੰਜੀ ਵਾਲਾ' ਦੀ ਹੋਈ, ਜਿਸ ਕਰਕੇ ਗੁਰਸ਼ਰਨ ਸਿੰਘ ਨੂੰ ਧਮਕੀਆਂ ਵੀ ਮਿਲੀਆਂ। 'ਕੁਰਸੀ ਵਾਲਾ' ਕਾਂਗਰਸੀ ਲੀਡਰ, ਜਦੋਂ ਕਿ 'ਮੰਜੀ ਵਾਲਾ' ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਪ੍ਰਤੀਕ ਹੈ। ਜਦੋਂ ਚਾਰ-ਚੁਫ਼ੇਰੇ ਅੱਗ ਵਰ੍ਹ ਰਹੀ ਹੋਵੇ ਤਾਂ ਅਜਿਹੇ ਨਾਟਕ ਖੇਡਣੇ ਤਲਵਾਰ ਦੀ ਧਾਰ 'ਤੇ ਤੁਰਨ ਬਰਾਬਰ ਸਨ। 'ਬਾਬਾ ਬੋਲਦਾ ਹੈ' ਨਾਟਕ ਵੀ ਖ਼ੂਬ ਚਰਚਾ ਵਿਚ ਰਿਹਾ। 'ਨਵਾਂ ਜਨਮ' ਜਾਤ-ਪਾਤ 'ਤੇ ਡੂੰਘਾ ਕਟਾਖ਼ਸ਼ ਹੈ। ਜਿਸ ਧਰਤੀ 'ਤੇ ਪੀਰਾਂ, ਫਕੀਰਾਂ, ਭਗਤਾਂ ਅਤੇ ਸਿੱਖ ਗੁਰੂਆਂ ਨੇ ਸਾਂਝੀਵਾਲਤਾ ਦੇ ਬੀਜ ਬੀਜ ਕੇ ਸਾਂਝੇ ਸਰੋਵਰ ਤਾਮੀਰ ਕੀਤੇ ਹੋਣ, ਉਸ ਧਰਤੀ 'ਤੇ ਜਾਤ-ਪਾਤ ਦਾ ਨਾਸ਼ ਨਾ ਹੋਣਾ ਅਜੀਬ ਵਰਤਾਰਾ ਹੈ। ਸਰਵਮੀਤ ਦੀ ਕਹਾਣੀ 'ਕਲਾਣ' 'ਤੇ ਆਧਾਰਤ ਇਸ ਨਾਟਕ ਦਾ ਪਾਤਰ ਸਮਾਜ ਦੇ ਅਸਾਵੇਂਪਣ ਖ਼ਿਲਾਫ਼ ਲੜਦਾ ਹੋਇਆ ਫੈਸਲਾ ਕਰਦਾ ਹੈ ਕਿ ਉਹ ਕਦੇ ਵੀ ਕਿਸੇ ਦੀ ਜੂਠ ਨਹੀਂ ਖਾਵੇਗਾ ਅਤੇ ਨਾ ਹੀ ਉਤਰਨ ਪਹਿਨੇਗਾ। 'ਜਨਤਾ ਮਾਈ' ਵਿਚ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਪਾਤਰ ਲੜ ਰਹੇ ਹੁੰਦੇ ਹਨ ਤਾਂ ਅੱਧੋਰਾਣੇ ਕੱਪੜੇ ਪਾਈ ਬੁੱਢੀ ਮਾਈ ਮੰਚ 'ਤੇ ਆਉਂਦੀ ਹੈ। ਦੋਵੇਂ ਆਪਣੀ ਲੜਾਈ ਵਿੱਚੇ ਛੱਡ ਕੇ ਬੁੱਢੀ ਦੇ ਗਲ ਪੈਂਦੇ ਹਨ ਤਾਂ ਉਹ ਆਪਣਾ ਤੁਆਰਫ਼ 'ਜਨਤਾ ਮਾਈ' ਦੇ ਤੌਰ 'ਤੇ ਕਰਵਾਉਂਦੀ ਹੈ। ਜਦੋਂ ਉਹ ਦੋਵਾਂ ਨੂੰ ਕੋਸਦੀ ਹੋਈ ਕੜਕਦੀ ਆਵਾਜ਼ ਵਿਚ ਕਹਿੰਦੀ ਹੈ ਕਿ ਜਨਤਾ ਉਨ੍ਹਾਂ ਨੂੰ ਆਪੋ-ਆਪਣੇ ਸਵਾਰਥਾਂ ਕਰਕੇ ਲੜਨ-ਝਗੜਨ ਲਈ ਵੋਟਾਂ ਨਹੀਂ ਪਾਉਂਦੀ ਤਾਂ ਦੋਵੇਂ ਸ਼ਰਮਿੰਦਗੀ ਵਿਚ ਸਿਰ ਥੱਲੇ ਸੁੱਟ ਲੈਂਦੇ ਹਨ।

ਜਨਤਾ ਦੀ ਆਵਾਜ਼ ਵਾਲਾ ਭਾਵੇਂ ਗੁਜ਼ਰ ਚੁੱਕਾ ਹੈ ਪਰ ਉਸ ਦੇ ਵਿਚਾਰ ਨਹੀਂ ਗੁਜ਼ਰੇ। ਸ਼ਬਦ ਸਦਾ ਸਲਾਮਤ ਰਹਿੰਦੇ ਹਨ, ਰਹਿੰਦੀ ਦੁਨੀਆਂ ਤੱਕ। ਰਿਗਵੇਦ ਵਿਚ ਠੀਕ ਹੀ ਤਾਂ ਲਿਖਿਆ ਹੈ ਕਿ 'ਦੇਵਤਿਆਂ ਦੀ ਕਵਿਤਾ ਨਾ ਮਰਦੀ ਹੈ ਤੇ ਨਾ ਬੁੱਢੀ ਹੁੰਦੀ ਹੈ'। ਦੇਹਾਂਤ ਨੂੰ ਦੇਹ ਦਾ ਅੰਤ ਤਾਂ ਕਿਹਾ ਜਾ ਸਕਦਾ ਹੈ, ਵਿਚਾਰਾਂ ਦਾ ਨਹੀਂ।